# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ,

ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:0172- 5015865, 5015864

ਫੈਕਸ:0172-2624687 ਈ-ਮੇਲssapunjab@yahoo.com


ਵੱਲ

ਸਮੂਹ ਮੰਡਲ ਸਿੱਖਿਆ ਅਫਸਰ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ)

ਮੀਮੋ ਨੰ: ਕੋਆਰਡੀਨੇਸ਼ਨ/ਜਨਰਲ/2012/88872
ਮਿਤੀ,ਚੰਡੀਗੜ੍ਹ: 19/11/2012

**ਵਿਸ਼ਾ:- ਸਿੱਖਿਆ ਵਿਭਾਗ ਵਿਚ ਕੰਮ ਕਰਦੇ ਮੈਡੀਕਲ ਪੱਖੋ ਅਣਫਿੱਟ ਹੋ ਚੁੱਕੇ ਅਧਿਆਪਕਾਂ/ ਕਰਮਚਾਰੀਆਂ ਦਾ ਵੇਰਵਾ ਭੇਜਣ ਸਬੰਧੀ।**

1.0 ਇਹ ਵੇਖਣ ਵਿਚ ਆਇਆ ਹੈ ਕਿ ਸਕੂਲ ਸਿੱਖਿਆ ਵਿਭਾਗ ਵਿਚ ਕੰਮ ਕਰਦੇ ਕੁਝ ਅਧਿਆਪਕ/ਮੁਲਾਜਮ ਨੌਕਰੀ ਲੱਗਣ ਤੋਂ ਬਾਅਦ ਸਰੀਰਕ ਅਤੇ ਮਾਨਸਿਕ ਤੌਰ ਤੇ ਪੜਾਉਣ ਤੋਂ ਅਸਮਰੱਥ ਅਤੇ ਮੈਡੀਕਲ ਪੱਖੋ ਅਣਫਿੱਟ ਹੋ ਚੁੱਕੇ ਹਨ, ਪਰ ਉਹ ਅਜੇ ਵੀ ਸਕੂਲਾਂ ਵਿਚ ਅਧਿਆਪਨ ਦਾ ਕੰਮ ਕਰ ਰਹੇ ਹਨ । ਅਜਿਹੇ ਅਧਿਆਪਕਾ ਵਲੋਂ ਵਿਦਿਆਰਥੀਆਂ ਨਾਲ ਪੜਾਈ ਸਬੰਧੀ ਇਨਸਾਫ ਨਹੀ ਕੀਤਾ ਜਾ ਰਿਹਾ।

2.0 ਵਿਦਿਆਰਥੀਆ ਨੂੰ ਅਧਿਆਪਕ ਵਲੋ ਦਿੱਤੀ ਜਾਣ ਵਾਲੀ ਸਿੱਖਿਆ ਦੇ ਸਾਰਥਕ ਨਤੀਜੇ ਲੈਣ ਹਿੱਤ ਇਹ ਜਰੂਰੀ ਹੈ ਕਿ ਅਧਿਆਪਕ ਸਰੀਰਕ ਅਤੇ ਮਾਨਸਿਕ ਤੌਰ ਤੇ ਤੰਦਰੁਸਤ ਹੋਵੇ ਤਾ ਜੋ ਉਹ ਵਿਦਿਆਰਥੀਆ ਨੂੰ ਆਪਣੇ ਵਿਸ਼ੇ ਅਤੇ ਉਸ ਵਿਸ਼ੇ ਵਿਚ ਹੋ ਰਹੀਆ ਨਵੀਆ ਖੋਜ਼ਾਂ/ਤਕਨੀਕਾਂ ਬਾਰੇ ਲਗਾਤਾਰ ਜਾਣੂ ਕਰਵਾ ਸਕੇ, ਅਜਿਹਾ ਨਾ ਹੋਣ ਤੇ ਵਿਦਿਆਰਥੀਆ ਦੀ ਜਿੰਦਗੀ ਵਿੱਚ ਸਬੰਧਤ ਵਿਸ਼ਾ ਸਮੇ ਸਿਰ ਅਤੇ ਚੰਗੀ ਤਰ੍ਹਾ ਨਾ ਪੜ੍ਹਨ ਕਾਰਨ ਵੱਡਾ ਖੱਪਾ ਪੈਦਾ ਹੋ ਜਾਦਾ ਹੈ ਜਿਸ ਦਾ ਪ੍ਰਤੀਕੂਲ ਪ੍ਰਭਾਵ ਉਨ੍ਹਾਂ ਦੀ ਆਗਾਮੀ ਜਿੰਦਗੀ ਵਿਚ ਝਲਕਦਾ ਹੈ ।

3.0 ਇਸ ਲਈ ਜੇਕਰ ਆਪ ਦੇ ਜਿਲ੍ਹੇ ਵਿਚ ਕੋਈ ਅਜਿਹਾ ਅਧਿਆਪਕ/ਕਰਮਚਾਰੀ ਕਿਸੇ ਸਕੂਲ/ਦਫਤਰ ਵਿੱਚ ਕੰਮ ਕਰ ਰਿਹਾ ਹੋਵੇ ਜੋ ਕਿ ਨੌਕਰੀ ਤੇ ਆਉਣ ਉਪਰੰਤ ਸਰੀਰਕ ਜਾਂ ਮਾਨਸਿਕ ਤੌਰ ਤੇ ਪੜਾਉਣ ਤੋਂ ਅਸਮਰੱਥ ਹੋ ਗਿਆ ਹੋਵੇ ਅਤੇ ਮੈਡੀਕਲ ਤੌਰ ਤੇ ਅਣਫਿੱਟ ਹੋ ਗਿਆ ਹੋਵੇ ਉਸ ਬਾਰੇ ਸੂਚਨਾ ਹੇਠ ਲਿਖੇ ਪ੍ਰੋਫਾਰਮੇ ਅਨੁਸਾਰ ਭੇਜੀ ਜਾਵੇ ।

| ਲੜੀ ਨੰ | ਅਧਿਆਪਕ/ ਕਰਮਚਾਰੀ ਦਾ ਨਾਂ | ਅਹੁਦਾ | ਨੌਕਰੀ ਵਿਚ ਆਉਣ ਦੀ ਮਿਤੀ | ਸਰੀਰਕ ਜਾਂ ਮਾਨਸਿਕ ਤੌਰ ਤੇ ਅਪਾਹਜ ਹੋਣ ਦੀ ਮਿਤੀ | ਮੌਜੂਦਾ ਸਕੂਲ/ ਦਫਤਰ ਦਾ ਨਾਂ ਅਤੇ ਜਿਲ੍ਹਾ | ਵਿਸ਼ੇਸ ਕਥਨ |
|---|---|---|---|---|---|---|

ਸਕੱਤਰ-ਕਮ- ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ।